# ਪ੍ਰੈਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਰਚ 2013 ਅਤੇ ਮਾਰਚ 2014 ਦੀਆਂ ਪ੍ਰੀਖਿਆਵਾਂ ਵਿੱਚ ਰੈਗੂਲਰ ਦਸਵੀਂ ਅਤੇ ਬਾਰ੍ਹਵੀਂ ਦੀ ਪ੍ਰੀਖਿਆ ਕੰਪਾਰਟਮੈਂਟ/ਰੀਅਪੀਅਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰੀਖਿਆ ਪਾਸ ਕਰਨ ਲਈ ਜੁਲਾਈ 2015/ਸਤੰਬਰ 2015 ਵਿੱਚ ਗੋਲਡਨ ਚਾਂਸ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸਮੈਸਟਰ ਪ੍ਰਣਾਲੀ ਅਧੀਨ ਰੈਗੂਲਰ ਤੇ ਓਪਨ ਸਕੂਲ ਸਤੰਬਰ 2010 ਤੋਂ ਲੈ ਕੇ ਮਾਰਚ 2012 ਤੱਕ ਦੇ ਰੀਅਪੀਅਰ ਪ੍ਰਾਪਤ ਕਰਨ ਵਾਲੇ ਪ੍ਰੀਖਿਆਰਥੀਆਂ ਨੂੰ ਪ੍ਰੀਖਿਆ ਪਾਸ ਕਰਨ ਲਈ ਸਤੰਬਰ 2015 ਵਿੱਚ ਵੀ ਗੋਲਡਨ ਚਾਂਸ ਦਿੱਤਾ ਗਿਆ। ਇਨ੍ਹਾਂ ਦਿੱਤੇ ਗਏ ਸਪੈਸ਼ਲ ਮੌਕਿਆ ਦੀ ਲੋਅ ਵਿੱਚ ਦਾਖਲੇ ਸੰਬੰਧੀ ਹੇਠ ਲਿਖੇ ਦਰਜ ਨਿਰਣੇ ਲਾਗੂ ਹੋਣਗੇ :

1. ਸਲਾਨਾ ਪ੍ਰੀਖਿਆ ਪ੍ਰਣਾਲੀ ਅਧੀਨ ਮਾਰਚ 2013 ਅਤੇ ਮਾਰਚ 2014ਵਿੱਚ ਪਹਿਲੀਵਾਰ ਮੈਟ੍ਰਿਕ ਦੀ ਰੈਗੂਲਰ ਪ੍ਰੀਖਿਆ ਦੇਣ ਵਾਲੇ ਵਿਦਿਆਰਥੀ ਜੋ ਕਿ ਨਿਰਧਾਰਿਤ ਦੋ ਮੌਕਿਆਂ ਵਿੱਚ ਆਪਣੀ ਮੈਟ੍ਰਿਕ ਦੀ ਪ੍ਰੀਖਿਆ ਪਾਸ ਨਹੀਂ ਕਰ ਸਕੇ ਪ੍ਰੰਤੂ +1 ਸ਼੍ਰੇਣੀ ਦੀ ਪ੍ਰੀਖਿਆ ਸਕੂਲ ਪੱਧਰ ਤੇ ਕ੍ਰਮਵਾਰ 2013-14 ਅਤੇ 2014-15 ਵਿੱਚ ਦੇ ਚੁੱਕੇ ਹਨ ਸਤੰਬਰ 2015 ਦੇ ਸਪੈਸ਼ਲ ਚਾਂਸ ਅਧੀਨ ਮੈਟ੍ਰਿਕ ਦਾ ਨਤੀਜਾ ਪਾਸ ਹੋਣ ਦੀ ਸੂਰਤ ਵਿੱਚ ਅਤੇ +1 ਸ਼੍ਰੇਣੀ ਦਾ ਨਤੀਜਾ ਸਕੂਲ ਪੱਧਰ ਤੇ ਪਾਸ ਹੋਣ ਦੀ ਸੂਰਤ ਵਿੱਚ ਇਹ ਵਿਦਿਆਰਥੀ ਅਕਾਦਮਿਕ ਸਾਲ 2015-16 ਵਿੱਚ +2 ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

2. ਸਤੰਬਰ 2015 ਦੇ ਸਪੈਸ਼ਲ ਚਾਂਸ ਅਧੀਨ ਮੈਟ੍ਰਿਕ/ਬਾਰ੍ਹਵੀਂ ਵਿੱਚ ਵਿਦਿਆਰਥੀ ਦਾ ਨਤੀਜਾ ਫੇਲ ਹੋਣ ਦੀ ਸੂਰਤ ਵਿੱਚ ਇਹ ਵਿਦਿਆਰਥੀ ਅਕਾਦਮਿਕ ਸਾਲ 2015-16 ਵਿੱਚ ਮੈਟ੍ਰਿਕ/ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

3. ਦਸਵੀਂ ਪ੍ਰੀਖਿਆ ਰੈਗੂਲਰ ਅਤੇ ਓਪਨ ਸਕੂਲ ਸਤੰਬਰ 2010 ਤੋਂ ਲੈ ਕੇ ਮਾਰਚ 2012 ਤੱਕ ਦੇ ਪ੍ਰੀਖਿਆਰਥੀ ਜਿਨ੍ਹਾਂ ਦਾ ਨਤੀਜਾ ਸਮੈਸਟਰ ਪ੍ਰਣਾਲੀ ਅਧੀਨ ਰੀਅਪੀਅਰ/ਕੰਪਾਰਮੈਟ ਘੋਸ਼ਿਤ ਹੋਇਆ ਸੀ ਸਤੰਬਰ 2015 ਦੇ ਸਪੈਸ਼ਲ ਚਾਂਸ ਅਧੀਨ ਮੈਟ੍ਰਿਕ ਦਾ ਨਤੀਜਾ ਪਾਸ ਹੋਣ ਦੀ ਸੂਰਤ ਵਿੱਚ ਇਹ ਵਿਦਿਆਰਥੀ ਅਕਾਦਮਿਕ ਸਾਲ 2015-16 ਵਿੱਚ +1 ਸ਼੍ਰੇਣੀ ਵਿੱਚ ਸਲਾਨਾ ਪ੍ਰੀਖਿਆ ਪ੍ਰਣਾਲੀ ਅਧੀਨ ਰੈਗੂਲਰ ਦਾਖਲੇ ਦੇ ਯੋਗ ਹੋਣਗੇ। ਇਹਨਾਂ ਵਿਦਿਆਰਥੀਆਂ ਵੱਲੋਂ ਜੇਕਰ +1 ਸ਼੍ਰੇਣੀ ਦੀ ਪ੍ਰੀਖਿਆ ਪਹਿਲਾਂ ਪਾਸ ਕੀਤੀ ਹੈ ਤਾਂ ਉਹ ਮੰਨਣ ਯੋਗ ਨਹੀਂ ਹੋਵੇਗੀ।

4. ਦਸਵੀਂ/ਬਾਰ੍ਹਵੀਂ ਪ੍ਰੀਖਿਆ ਰੈਗੂਲਰ ਅਤੇ ਓਪਨ ਸਕੂਲ ਸਤੰਬਰ 2010 ਤੋਂ ਲੈ ਕੇ ਮਾਰਚ 2012 ਤੱਕ ਦੇ ਪ੍ਰੀਖਿਆਰਥੀ ਜਿਨ੍ਹਾਂ ਦਾ ਨਤੀਜਾ ਸਮੈਸਟਰ ਪ੍ਰਣਾਲੀ ਅਧੀਨ ਰੀਅਪੀਅਰ/ਕੰਪਾਰਟਮੈਂਟ ਘੋਸ਼ਿਤ ਹੋਇਆ ਸੀ ਸਤੰਬਰ 2015 ਦੇ ਸਪੈਸ਼ਲ ਚਾਂਸ ਅਧੀਨ ਦਸਵੀਂ/ਬਾਰ੍ਹਵੀਂ ਦਾ ਨਤੀਜਾ ਫੇਲ ਹੋਣ ਦੀ ਸੂਰਤ ਵਿੱਚ ਇਹ ਵਿਦਿਆਰਥੀ ਅਕਾਦਮਿਕ ਸਾਲ 2015-16 ਵਿੱਚ ਦਸਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਸਲਾਨਾ ਪ੍ਰੀਖਿਆ ਪ੍ਰਣਾਲੀ ਅਧੀਨ ਰੈਗੂਲਰ/ਓਪਨ ਸਕੂਲ ਪ੍ਰਣਾਲੀ (ਭਾਵ ਜਿਸ ਪ੍ਰਣਾਲੀ ਅਧੀਨ ਵਿਦਿਆਰਥੀ ਨੇ ਪਹਿਲਾਂ ਦਸਵੀਂ/ਬਾਰ੍ਹਵੀਂ ਵਿੱਚ ਦਾਖਲਾ ਲਿਆ ਸੀ।)ਵਿੱਚ ਦਾਖਲੇ ਦੇ ਯੋਗ ਹੋਣਗੇ।

ਉਪਰੋਕਤ ਸਾਰੇ ਵਿਦਿਆਰਥੀ ਨਤੀਜਾ ਘੋਸ਼ਿਤ ਹੋਣ ਤੋਂ 15 ਦਿਨਾਂ ਦੇ ਵਿੱਚ-ਵਿੱਚ ਦਾਖਲਾ ਲੈਣ ਸਕਣਗੇ ਅਤੇ ਉਸ ਤੋਂ 10 ਦਿਨਾਂ ਦੇ ਵਿੱਚ -ਵਿੱਚ online ਰਿਟਰਨ ਭਰ ਸਕਣਗੇ।

ਸਕੱਤਰ